## ਆਂਟੇਰੀਓ ਵਿੱਚ ਨਵਾਂ ਜੀਵਨ ਸ਼ੁਰੂ ਕਰਨਾ

ਨਵੇਂ ਆਉਣ ਵਾਲਿਆਂ ਲਈ ਇੱਕ ਗਾਈਡ

# ਹੇਠ ਦਿੱਤੀਆਂ ਗੱਲਾਂ ਬਾਰੇ ਜਾਣਨਾ:

# ਭਾਸ਼ਾ ਸੰਬੰਧੀ ਆਪਣੇ ਹੁਨਰਾਂ ਨੂੰ ਬੇਹਤਰ ਬਣਾਉਣਾ

ਆਂਟੇਰੀਓ ਵਿੱਚ ਨਵੇਂ ਆਉਣ ਵਾਲੇ ਦੇ ਤੌਰ 'ਤੇ ਤੁਹਾਡੇ ਕਈ ਪ੍ਰਸ਼ਨ ਹੋ ਸਕਦੇ ਹਨ। ਇਹ ਗਾਈਡ ਹੇਠ ਦਰਜ ਵਿਸ਼ਿਆਂ ਬਾਰੇ ਤੁਹਾਨੂੰ ਹੋਰ ਜਾਣਕਾਰੀ ਦੇਣ ਵਿੱਚ ਮਦਦ ਕਰੇਗੀ:

- ਅੰਗਰੇਜ਼ੀ ਅਤੇ ਫ਼ਰੈਂਚ ਸਿੱਖਣ ਵਿੱਚ
- ਤੁਸੀਂ ਪੜ੍ਹਾਈ ਕਿੱਥੇ ਕਰ ਸਕਦੇ ਹੋ
- ਕੰਮ ਵਿਖੇ ਭਾਸ਼ਾ ਸੰਬੰਧੀ ਹੁਨਰਾਂ ਲਈ ਵਿਸ਼ੇਸ਼ ਸਿਖਲਾਈ
- ਕਾਲਜ ਅਤੇ ਯੂਨੀਵਰਸਿਟੀ ਲਈ ਭਾਸ਼ਾ ਦੀ ਸਿਖਲਾਈ
- ਆਪਣੇ ਬੱਚਿਆਂ ਲਈ ਭਾਸ਼ਾ ਬਾਰੇ ਮਦਦ ਲੈਣੀ

### ਕੈਨੇਡਾ ਵਿੱਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ?

ਕੈਨੇਡਾ ਦੀਆਂ ਦੋ ਸਰਕਾਰੀ ਭਾਸ਼ਾਵਾਂ ਹਨ. ਅੰਗਰੇਜ਼ੀ ਅਤੇ ਫ਼ਰੈਂਚ। ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਆਪਣੇ ਸਮਾਜ ਦੀ ਭਾਸ਼ਾ ਵਿੱਚ ਗੱਲਬਾਤ ਕਰਨ ਅਤੇ ਕੰਮ ਵਿਖੇ ਵਰਤੀ ਜਾਣ ਵਾਲੀ ਭਾਸ਼ਾ ਦਾ ਹੁਨਰ ਹੋਵੇ।

### ਆਂਟੇਰੀਓ ਵਿੱਚ ਤੁਹਾਡੇ ਆਉਣ ਤੋਂ ਪਹਿਲਾਂ...

ਆਂਟੇਰੀਓ ਵਿੱਚ ਆਉਣ ਤੋਂ ਪਹਿਲਾਂ ਆਪਣੇ ਭਾਸ਼ਾ ਸੰਬੰਧੀ ਹੁਨਰਾਂ ਨੂੰ ਬੇਹਤਰ ਬਣਾਉਣ ਦੇ ਕਈ ਤਰੀਕੇ ਹਨ। ਤੁਸੀਂ ਆਪਣੇ ਦੇਸ਼ ਵਿੱਚ ਹੀ ਭਾਸ਼ਾ ਦੀ ਪੜ੍ਹਾਈ ਕਰ ਸਕਦੇ ਹੋ। ਤੁਸੀਂ ਦੂਰ ਦੁਰਾਡੇ ਬੈਠੇ ਵੀ ਪੜ੍ਹਾਈ ਕਰ ਸਕਦੇ ਹੋ। ਕਈ ਅਜਿਹੀਆਂ ਵੈੱਬਸਾਈਟਾਂ ਹਨ ਜੋ ਭਾਸ਼ਾ ਸੰਬੰਧੀ ਤੁਹਾਡੇ ਹੁਨਰਾਂ ਨੂੰ ਮਾਪਣ, ਭਾਸ਼ਾਈ ਹੁਨਰਾਂ ਨੂੰ ਬੇਹਤਰ ਬਣਾਉਣ ਅਤੇ ਤੁਹਾਨੂੰ ਭਾਸ਼ਾ ਦੀ ਕਿਹੋ ਜਿਹੀ ਸਿਖਲਾਈ ਦੀ ਲੋੜ ਹੋ ਸਕਦੀ ਹੈ, ਬਾਰੇ ਤੁਹਾਡੀ ਮਦਦ ਕਰ ਸਕਦੀਆਂ ਹਨ। ਆਂਟੇਰੀਓ ਇੰਮੀਗਰੇਸ਼ਨ ਦੀ ਵੈੱਬਸਾਈਟ www.OntarioImmigration.ca ਦੇ ‘Learn English’ (ਲਰਨ ਇੰਗਲਿਸ਼) ਜਾਂ ‘apprendre le français’ ਭਾਗ 'ਤੇ ਜਾ ਕੇ ਹੋਰ ਜਾਣਕਾਰੀ ਲਓ।

### ਮੈਂ ਕਿਹੜੀ ਭਾਸ਼ਾ ਦੀ ਸਿਖਲਾਈ ਲੈ ਸਕਦਾ ਹਾਂ?

ਆਂਟੇਰੀਓ ਵਿੱਚ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਨੂੰ 'ਅੰਗਰੇਜ਼ੀ ਦੂਜੀ ਭਾਸ਼ਾ ਦੇ ਤੌਰ ਤੇ' (English-as-a-Second-Language) ਜਾਂ ਈ ਐੱਸ ਐੱਲ (ESL) ਕਹਿੰਦੇ ਹਨ। ਫ਼ਰੈਂਚ ਭਾਸ਼ਾ ਦੀ ਸਿਖਲਾਈ ਨੂੰ 'ਫ਼ਰੈਂਚ ਦੂਜੀ ਭਾਸ਼ਾ ਦੇ ਤੌਰ ਤੇ' (French-as-a-Second-Language) ਜਾਂ ਐੱਫ਼ ਐੱਸ ਐੱਲ (FSL) ਕਹਿੰਦੇ ਹਨ। ਤੁਸੀਂ ਆਂਟੇਰੀਓ ਵਿੱਚ ਰਹਿਣ ਅਤੇ ਕੰਮ ਕਰਨ ਲਈ ਭਾਸ਼ਾ ਦੇ ਹੁਨਰਾਂ ਦੀ ਲੋੜ ਸੰਬੰਧੀ ਹੋਰ ਜਾਣਕਾਰੀ ਆਂਟੇਰੀਓ ਇੰਮੀਗਰੇਸ਼ਨ ਦੀ ਵੈੱਬਸਾਈਟ ਤੋਂ ਲੈ ਸਕਦੇ ਹੋ।

### ਮੈਂ ਬਾਲਗ਼ਾਂ ਲਈ ਭਾਸ਼ਾ ਦੀਆਂ ਕਲਾਸਾਂ ਕਿੱਥੇ ਲੈ ਸਕਦਾ ਹਾਂ?

ਤੁਸੀਂ ਆਂਟੇਰੀਓ ਵਿੱਚ ਕਈ ਵੱਖ ਵੱਖ ਤਰ੍ਹਾਂ ਦੀਆਂ ਫ਼ੁੱਲ-ਟਾਇਮ ਅਤੇ ਪਾਰਟ-ਟਾਈਮ ਕਲਾਸਾਂ ਵਿੱਚੋਂ ਕੋਈ ਵੀ ਚੁਣ ਸਕਦੇ ਹੋ। ਕੁੱਝ ਕਲਾਸਾਂ ਆਂਟੇਰੀਓ ਪ੍ਰਾਂਤ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ ਅਤੇ ਇੰਨ੍ਹਾਂ ਨੂੰ 'ਆਡਲਟ ਨਾਨ-ਕਰੈਡਿਟ ਲੈਂਗੁਏਜ ਟਰੇਨਿੰਗ' (adult non-credit language training) ਕਹਿੰਦੇ ਹਨ। ਦੂਜੀਆਂ ਕਲਾਸਾਂ ਕੈਨੇਡਾ ਸਰਕਾਰ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ ਅਤੇ ਇੰਨ੍ਹਾਂ ਨੂੰ 'ਕੈਨੇਡਾ ਵਿੱਚ

ਨਵੇਂ ਆਉਣ ਵਾਲਿਆਂ ਲਈ ਭਾਸ਼ਾ ਦੀ ਸਿਖਲਾਈ' (Language Instruction for Newcomers to Canada) ਜਾਂ ਲਿੰਕ (LINC) ਕਹਿੰਦੇ ਹਨ। ਦੋਵੇਂ ਤਰ੍ਹਾਂ ਦੀਆਂ ਕਲਾਸਾਂ ਆਂਟੇਰੀਓ ਭਰ ਵਿੱਚ ਇੰਗਲਿਸ਼ ਅਤੇ ਫ਼ਰੈਂਚ ਸਕੂਲ ਬੋਰਡਾਂ ਅਤੇ ਕਮਿਊਨਿਟੀ ਏਜੰਸੀਆਂ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਹ ਕਲਾਸਾਂ ਕਈ ਵੱਖ ਵੱਖ ਤਰੀਕਿਆਂ ਨਾਲ ਤੁਹਾਡੀ ਮਦਦ ਕਰ ਸਕਦੀਆਂ ਹਨ:

- ਤੁਸੀਂ ਅਕਸਰ ਸਿਖਲਾਈ ਦੇ ਅਰੰਭਕ, ਵਿਚਕਾਰਲੇ ਜਾਂ ਉੱਚੇ ਪੱਧਰਾਂ ਵਿੱਚੋਂ ਕੋਈ ਚੁਣ ਸਕਦੇ ਹੋ।
- ਬੋਲਣ, ਸੁਣਨ, ਪੜ੍ਹਨ ਅਤੇ ਲਿਖਣ ਬਾਰੇ ਆਮ ਪ੍ਰੋਗਰਾਮ ਉਪਲਬਧ ਹਨ।
- ਕੁੱਝ ਸਿਖਲਾਈ ਪ੍ਰੋਗਰਾਮ ਅਕਾਊਂਟਿੰਗ, ਕੰਪਿਊਟਰਜ਼ ਜਾਂ ਸੰਚਾਰ ਜਿਹੇ ਵਿਸ਼ੇਸ਼ ਕਿੱਤਾ ਖੇਤਰਾਂ ਵਿੱਚ ਤੁਹਾਡੇ ਕਾਰੋਬਾਰੀ ਹੁਨਰ ਨੂੰ ਬੇਹਤਰ ਬਣਾਉਣ ਵਿੱਚ ਮਦਦ ਕਰਦੇ ਹਨ।
- ਜੇ ਤੁਸੀਂ ਆਪਣੇ ਪਹਿਲੇ ਮੁਲਕ ਤੋਂ ਬਹੁਤ ਘੱਟ ਪੜ੍ਹ ਕੇ ਆਏ ਹੋ ਜਾਂ ਬਿਲਕੁਲ ਵੀ ਪੜ੍ਹੇ-ਲਿਖੇ ਨਹੀਂ, ਤਾਂ ਤੁਹਾਡੀ ਮਦਦ ਲਈ ਸਾਖਰਤਾ ਹਿਤ ESL ਕਲਾਸਾਂ ਵੀ ਮਿਲ ਸਕਦੀਆਂ ਹਨ।
- ਅਜਿਹੀਆਂ ਕਲਾਸਾਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ ਜੋ ਤੁਹਾਨੂੰ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਲਈ TOEFL ਵਰਗੇ ਟੈਸਟਾਂ ਦੀ ਤਿਆਰੀ ਕਰਨ ਵਿੱਚ ਮਦਦ ਦੇਣ।
- ਕੈਨੇਡਾ ਅਤੇ ਆਂਟੇਰੀਓ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਮਦਦ ਕਰਨ ਲਈ ਨਾਗਰਿਕਤਾ ਅਤੇ ਭਾਸ਼ਾ ਦੀਆਂ ਕਲਾਸਾਂ ਹੁੰਦੀਆਂ ਹਨ ਅਤੇ ਜਿੰਨ੍ਹਾਂ ਵਿੱਚ ਨਾਗਰਿਕਤਾ ਲੈਣ ਦਾ ਟੈੱਸਟ ਪਾਸ ਕਰਨ ਲਈ ਤੁਹਾਨੂੰ ਲੋੜੀਂਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ।

ਭਾਸ਼ਾ ਦੀ ਸਿਖਲਾਈ ਦੀਆਂ ਕਲਾਸਾਂ ਮੁਫਤ ਹੁੰਦੀਆਂ ਹਨ। ਇਹ ਤੁਹਾਡੀ ਕਮਿਊਨਿਟੀ ਵਿੱਚ ਦਿਨ ਵੇਲੇ, ਰਾਤ ਨੂੰ ਜਾਂ ਵੀਕਐਂਡ 'ਤੇ ਉਪਲਬਧ ਹੋ ਸਕਦੀਆਂ ਹਨ। ਜੇ ਤੁਸੀਂ LINC ਦੀਆਂ ਕਲਾਸਾਂ ਲੈਣ ਦੇ ਯੋਗ ਹੋ ਤਾਂ ਤੁਹਾਨੂੰ ਪਹਿਲਾਂ ਆਪਣੇ ਭਾਸ਼ਾ ਦੇ ਹੁਨਰ ਦਾ ਮੁਲਾਂਕਣ ਕਰਵਾਉਣ ਦੀ ਲੋੜ ਪਵੇਗੀ। ਇਹ ਇੱਕ ਲੈਂਗੁਏਜ ਅਸੈੱਸਮੈਂਟ ਸੈਂਟਰ (Language Assessment Centre) ਦੁਆਰਾ ਕੀਤਾ ਜਾਂਦਾ ਹੈ। ਫਿਰ ਜੋ ਪ੍ਰੋਗਰਾਮ ਤੁਹਾਡੇ ਲਈ ਠੀਕ ਹੋਵੇ ਲੈਂਗੁਏਜ ਅਸੈੱਸਮੈਂਟ ਸੈਂਟਰ ਉਸ ਪ੍ਰੋਗਰਾਮ ਲਈ ਤੁਹਾਡੀ ਸਿਫ਼ਾਰਸ਼ ਕਰੇਗਾ। ਆਪਣੇ ਨੇੜੇ ਦੇ ਲੈਂਗੁਏਜ ਅਸੈੱਸਮੈਂਟ ਸੈਂਟਰ ਦਾ ਪਤਾ ਕਰਨ ਲਈ ਆਂਟੇਰੀਓ ਇੰਮੀਗਰੇਸ਼ਨ ਦੀ ਵੈੱਬਸਾਈਟ ਵੇਖੋ।

### ਜੇ ਮੈਂ ਕਲਾਸਰੂਮ ਵਿੱਚ ਨਾ ਜਾ ਸਕਦਾ ਹੋਵਾਂ, ਤਾਂ?

ਜੇਕਰ ਤੁਸੀਂ ਕਲਾਸਰੂਮ ਵਿੱਚ ਨਹੀਂ ਜਾ ਸਕਦੇ ਤਾਂ ਚੋਣ ਕਰਨ ਲਈ ਹੇਠ ਦਰਜ ਸਹੂਲਤਾਂ ਹਨ:

- ਕੁੱਝ ਵੈੱਬਸਾਈਟਾਂ ਭਾਸ਼ਾ ਦੇ ਤੁਹਾਡੇ ਹੁਨਰ ਨੂੰ ਬੇਹਤਰ ਬਣਾਉਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ।
- ਤੁਸੀਂ ਘਰ ਵਿੱਚ ਪੜ੍ਹਾਈ ਕਰ ਸਕਦੇ ਹੋ ਅਤੇ ਆਪਣਾ ਕੰਮ ਆਂਟੇਰੀਓ'ਜ਼ ਇੰਡੀਪੈਨਡੈਂਟ ਲਰਨਿੰਗ ਸੈਂਟਰ (Ontario's Independent Learning Centre) (ILC) ਨੂੰ ਭੇਜ ਸਕਦੇ ਹੋ। ਤੁਸੀਂ www.ilc.org 'ਤੇ ILC ਦਾ ਪਤਾ ਕਰ ਸਕਦੇ ਹੋ।
- LINC ਦਾ ਘਰ ਬੈਠੇ ਹੀ ਪੜ੍ਹਾਈ ਕਰਨ ਦਾ ਇੱਕ ਪ੍ਰੋਗਰਾਮ ਹੈ ਜੋ ਤੁਹਾਡੇ ਸੁਣਨ, ਬੋਲਣ, ਪੜ੍ਹਨ ਅਤੇ ਲਿਖਣ ਦੇ ਹੁਨਰਾਂ ਨੂੰ ਬੇਹਤਰ ਬਣਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ। ਤੁਸੀਂ ਘਰ ਬੈਠੇ ਪੜ੍ਹਾਈ ਕਰ ਸਕਦੇ ਹੋ ਅਤੇ ਇਸ ਦੇ ਨਾਲ ਹੀ ਅਧਿਆਪਕ ਤੋਂ ਅਗਵਾਈ ਵੀ ਲੈ ਸਕਦੇ ਹੋ।

### ਮੈਂ ਆਪਣੇ ਕੰਮ ਲਈ ਭਾਸ਼ਾ ਦੀ ਸਿਖਲਾਈ ਕਿੱਥੋਂ ਲੈ ਸਕਦਾ ਹਾਂ?

ਜੇਕਰ ਤੁਸੀਂ ਆਪਣੇ ਦੇਸ਼ ਵਿੱਚ ਕਿਸੇ ਵਿਸ਼ੇਸ਼ ਕਿੱਤੇ ਜਾਂ ਪੇਸ਼ੇ ਦੀ ਸਿਖਲਾਈ ਲਈ ਹੋਈ ਸੀ ਤਾਂ ਤੁਹਾਡੇ ਕੰਮ ਵਿਖੇ ਤੁਹਾਡੀ ਮਦਦ ਕਰਨ ਲਈ ਭਾਸ਼ਾ ਦਾ ਹੁਨਰ ਗ੍ਰਹਿਣ ਕਰਨ ਵਿੱਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ। ਇਸ ਲਈ ਇਹ ਦੋ ਚੋਣਾਂ ਹਨ:

- ਪੜ੍ਹਾਈ ਵਿੱਚ ਖੱਪਾ ਪੂਰਾ ਕਰਨ ਵਾਲੇ ਸਿਖਲਾਈ ਦੇ (bridge training programs) ਕੁੱਝ ਪ੍ਰੋਗਰਾਮ ਹਨ ਜੋ ਕੰਮ ਵਾਲੀ ਥਾਂ ਵਰਤੀ ਜਾਂਦੀ ਭਾਸ਼ਾ ਦੀ ਸਿਖਲਾਈ ਦਿੰਦੇ ਹਨ। ਪੜ੍ਹਾਈ ਵਿੱਚ ਖੱਪਾ ਪੂਰਾ ਕਰਨ ਵਾਲੀ ਸਿਖਲਾਈ ਦੇ ਪ੍ਰੋਗਰਾਮਾਂ ਬਾਰੇ ਜਾਣਨ ਲਈ ਆਂਟੇਰੀਓ ਇੰਮੀਗਰੇਸ਼ਨ ਦੀ ਵੈੱਬਸਾਈਟ www.OntarioImmigration.ca ਦੇ 'Work in Your Profession' ਭਾਗ 'ਤੇ ਜਾਓ।

- ਭਾਸ਼ਾ ਦੀ ਜ਼ੋਰਦਾਰ ਸਿਖਲਾਈ (Enhanced Language Training) (ELT) ਕਿਸੇ ਵਿਸ਼ੇਸ਼ ਪੇਸ਼ੇ ਲਈ ਭਾਸ਼ਾ ਦੇ ਹੁਨਰ ਗ੍ਰਹਿਣ ਕਰਨ ਵਿੱਚ ਤੁਹਾਡੀ ਮਦਦ ਕਰਦੀ ਹੈ।

**ਕੀ ਮੈਂ ਭਾਸ਼ਾ ਦੀ ਸਿਖਲਾਈ ਲੈਣ ਦੇ ਨਾਲ ਨਾਲ ਆਪਣੀ ਪੜ੍ਹਾਈ ਜਾਰੀ ਰੱਖ ਸਕਦਾ ਹਾਂ?**

ਜੇ ਤੁਸੀਂ 21 ਸਾਲ ਤੋਂ ਵੱਧ ਉਮਰ ਦੇ ਹੋ ਤਾਂ ਤੁਹਾਡੇ ਲਈ ਭਾਸ਼ਾ ਦੇ ਵਿਸ਼ੇਸ਼ ਕੋਰਸ ਹਨ ਜੋ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਇੰਨ੍ਹਾਂ ਵਿੱਚੋਂ ਕਈ ਕੋਰਸ ਤੁਹਾਡੇ ਰੋਜ਼ਾਨਾ ਜੀਵਨ ਵਿੱਚ ਵਰਤੀ ਜਾਂਦੀ ਭਾਸ਼ਾ ਨੂੰ ਬੇਹਤਰ ਬਣਾਉਣ ਵਿੱਚ ਮਦਦ ਕਰਦੇ ਹਨ, ਜਦੋਂ ਕਿ ਦੂਜੇ ਕੋਰਸ ਹਾਈ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੀ ਤੁਹਾਡੀ ਪੜ੍ਹਾਈ ਵਿੱਚ ਮਦਦ ਕਰ ਸਕਦੇ ਹਨ। ਜੇ ਭਾਸ਼ਾ ਦੇ ਹੁਨਰ ਦਾ ਤੁਹਾਡਾ ਪੱਧਰ ਉੱਚਾ ਹੈ ਤਾਂ ਤੁਸੀਂ ਅਜਿਹੇ ਕੋਰਸ ਵੀ ਲੈ ਸਕਦੇ ਹੋ ਜੋ ਤੁਹਾਡੇ ਕਾਰੋਬਾਰ ਦੀ ਪੇਸ਼ਕਾਰੀ ਅਤੇ ਗੱਲਬਾਤ ਦੇ ਹੁਨਰ ਵਿੱਚ ਤੁਹਾਡੀ ਮਦਦ ਕਰਨਗੇ। ਜੇ ਤੁਹਾਨੂੰ ਅੰਗਰੇਜ਼ੀ ਪੜ੍ਹਨ ਅਤੇ ਲਿਖਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਅੰਗਰੇਜ਼ੀ ਸਾਖਰਤਾ ਦੇ ਵਿਕਾਸ (English Literacy Development) ਦੇ ਕੋਰਸ ਵੀ ਹਨ।

ਆਂਟੇਰੀਓ ਦੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਲਈ ਤੁਹਾਨੂੰ ਭਾਸ਼ਾ ਦਾ ਟੈੱਸਟ ਦੇਣ ਲਈ ਵੀ ਕਿਹਾ ਜਾ ਸਕਦਾ ਹੈ। ਉਦਾਹਰਣ ਵਜੋਂ, ਕਈ ਕਾਲਜ ਅਤੇ ਯੂਨੀਵਰਸਿਟੀਆਂ ਵਿਦੇਸ਼ੀ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ ਦਾ ਟੈੱਸਟ (Test of English as a Foreign Language) (TOEFL) ਜਾਂ ਅੰਗਰੇਜ਼ੀ ਭਾਸ਼ਾ ਟੈਸਟ ਕਰਨ ਲਈ ਅੰਤਰਰਾਸ਼ਟਰੀ ਪ੍ਰਣਾਲੀ (International English Language Testing System) (IELTS) ਵਰਤਦੀਆਂ ਹਨ। ਆਂਟੇਰੀਓ ਵਿੱਚ ਬਹੁਤ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜ ਭਾਸ਼ਾ ਦੀ ਸਿਖਲਾਈ ਦੇ ਪ੍ਰੋਗਰਾਮ ਪੇਸ਼ ਕਰਦੇ ਹਨ। ਆਮ ਤੌਰ 'ਤੇ ਤੁਹਾਡੇ ਕੋਲੋਂ ਇੰਨ੍ਹਾਂ ਕੋਰਸਾਂ ਦੀ ਫ਼ੀਸ ਲਈ ਜਾਵੇਗੀ।

**ਮੇਰੇ ਬੱਚੇ ਭਾਸ਼ਾ ਦੀ ਸਿਖਲਾਈ ਕਿੱਥੋਂ ਲੈ ਸਕਦੇ ਹਨ?**

ਆਂਟੇਰੀਓ ਦੇ ਐਲਿਮੈਂਟਰੀ ਅਤੇ ਸੈਕੰਡਰੀ ਸਕੂਲ ਉਨ੍ਹਾਂ ਬੱਚਿਆਂ ਲਈ ਭਾਸ਼ਾ ਦੀ ਵਿਸ਼ੇਸ਼ ਸਿਖਲਾਈ ਪੇਸ਼ ਕਰਦੇ ਹਨ ਜੋ:

- ਅੰਗਰੇਜ਼ੀ ਅਤੇ ਫ਼ਰੈਂਚ ਨੂੰ ਆਪਣੀ ਪਹਿਲੀ ਭਾਸ਼ਾ ਵਜੋਂ ਨਹੀਂ ਬੋਲਦੇ, ਜਾਂ
- ਆਂਟੇਰੀਓ ਦੇ ਸਕੂਲਾਂ ਵਿੱਚ ਵਰਤੀ ਜਾਂਦੀ ਭਾਸ਼ਾ ਨਾਲੋ ਵੱਖਰੀ ਕਿਸਮ ਦੀ ਅੰਗਰੇਜ਼ੀ ਜਾਂ ਫ਼ਰੈਂਚ ਬੋਲਦੇ ਹਨ।

ਜੋ ਵਿਦਿਆਰਥੀ ਅੰਗਰੇਜ਼ੀ ਸਿੱਖ ਰਹੇ ਹਨ ਅਤੇ ਮੁੱਢਲੀ ਸਿੱਖਿਆ ਵਾਲੇ ਜਾਂ ਸੈਕੰਡਰੀ ਸਕੂਲਾਂ ਵਿੱਚ ਦਾਖ਼ਲ ਹਨ, ਉਹ ਅਜਿਹੇ ਅਧਿਆਪਕਾਂ ਤੋਂ ਮਦਦ ਲੈ ਸਕਦੇ ਹਨ ਜੋ ਭਾਸ਼ਾ ਦੇ ਸਿਖਾਂਦਰੂਆਂ ਨਾਲ ਕੰਮ ਕਰਨ ਵਿੱਚ ਮਾਹਰ ਹਨ। ਵਿਦਿਆਰਥੀ ਭਾਸ਼ਾ ਅਤੇ ਸਾਖਰਤਾ ਦੇ ਹੁਨਰ ਵਿਕਸਤ ਕਰਨ ਲਈ ਵੀ ਮਦਦ ਲੈ ਸਕਦੇ ਹਨ। ਆਂਟੇਰੀਓ ਦੇ ਕਈ ਸਕੂਲ ਬੋਰਡਾਂ ਵਿੱਚ ਨਵੇਂ ਆਉਣ ਵਾਲਿਆਂ ਲਈ ਸੁਆਗਤੀ ਕੇਂਦਰ ਵੀ ਹਨ। ਇਹ ਕੇਂਦਰ ਤੁਹਾਡੇ ਬੱਚੇ ਦੇ ਭਾਸ਼ਾ ਸੰਬੰਧੀ ਹੁਨਰਾਂ ਨੂੰ ਮਾਪ ਸਕਦੇ ਹਨ ਅਤੇ ਅਜਿਹਾ ਸਕੂਲ ਲੱਭਣ ਵਿੱਚ ਤੁਹਾਡੀ ਮਦਦ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਲੋੜੀਂਦੀ ਮਦਦ ਮਿਲ ਸਕੇ।

## ਹੋਰ ਜਾਣਕਾਰੀ ਕਿੱਥੋਂ ਲਈ ਜਾਵੇ

ਕੀ ਤੁਹਾਨੂੰ ਆਂਟੇਰੀਓ ਵਿੱਚ ਰਹਿਣ, ਕੰਮ ਕਰਨ ਅਤੇ ਸਿੱਖਿਆ ਪ੍ਰਾਪਤ ਕਰਨ ਸੰਬੰਧੀ ਹੋਰ ਜਾਣਕਾਰੀ ਚਾਹੀਦੀ ਹੈ? ਆਂਟੇਰੀਓ ਦੀ ਇੰਮੀਗਰੇਸ਼ਨ ਵੈੱਬਸਾਈਟ www.OntarioImmigration.ca ਵੇਖੋ।